

## ਇਸ ਨਾਲ IPs ਨੂੰ ਕਿਵੇਂ ਲਾਭ ਹੋਏਗਾ?

- ਕੀਤੇ ਗਏ ਕੰਮ ਦੇ ਸਮਿਆਂ (ਘੰਟਿਆਂ) ਦੀ ਰਿਕਾੱਰਡਿੰਗ ਕਰਨ ਲਈ ਹੋਰ ਵਿਕਲਪ (ਮੋਬਾਈਲ ਉਪਕਰਣ, ਇੰਟਰਨੈਟ ਨਾਲ ਜੁੜਿਆ ਹੋਇਆ ਕੰਪਿਉਟਰ, ਟੈਲੀਫੋਨ ਕਾੱਲ ਜਾਂ ਘਰ ਵਿਚਲਾ ਉਪਕਰਣ)
- ਭੁਗਤਾਨ, ਸਿਖਲਾਈ ਅਤੇ ਪਰਿਚੈ-ਪੱਤਰਾਂ ਸਬੰਧੀ ਸਹਾਇਤਾ
- ਆਹਮੋ-ਸਾਹਮਣੀ ਸਹਾਇਤਾ
- ਥਾਪੀ ਗਈ ਸੇਵਾ ਬਾਰੇ ਕੋਆੱਰਡੀਨੇਟਰ
- ਵਾਧਾ ਅਤੇ ਵਰਕਰ ਦੀ ਛਾਂਟੀ

## ਮੈਨੂੰ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ?

CDE ਪ੍ਰੋਜੈਕਟ ਬਾਰੇ ਪਤਾ ਹੈ
www.dshs.wa.gov/altsa/cde

- ਈਮੇਲ ਰਾਹੀਂ ਖਪਤਕਾਰ ਦੀ ਹਿਦਾਇਤ ਵਾਲੇ ਰੋਜ਼ਗਾਰਦਾਤਾ ਬਾਰੇ ਬਿਲਕੁਲ ਨਵੀਂ ਜਾਣਕਾਰੀ ਲੈਣ ਲਈ ਸਾਈਨ ਅਪ ਕਰੋ।
- ਹਰ ਮਹੀਨੇ ਹੋਣ ਵਾਲੇ ਜਾਣਕਾਰੀ ਸਬੰਧੀ ਵੈਬੀਨਾਰ ਜਾਂ ਹਿੱਤਧਾਰਕ ਮੀਟਿੰਗ ਵਿੱਚ ਆਉਣ ਲਈ ਸਾਈਨ ਅਪ ਕਰੋ।
- ਬਿਲਕੁਲ ਨਵੀਆਂ ਸਮਗ੍ਰੀਆਂ ਅਤੇ ਸ੍ਰੋਤਾਂ ਦਾ ਜਾਇਜ਼ਾ ਲਓ।

## ਸਾਡੇ ਨਾਲ ਸੰਪਰਕ ਕਰੋ

ਈਮੇਲ:
CDE@dshs.wa.gov

ਵੈਬ:
www.dshs.wa.gov/altsa/cde

Washington State
Department of Social & Health Services
Transforming lives

DSHS 22-1833 PJ (11/19) Punjabi

# ਵਿਅਕਤੀਗਤ ਪ੍ਰੋਵਾਈਡਰਾਂ ਲਈ ਨਵਾਂ ਰੋਜ਼ਗਾਰਦਾਤਾ



## ਖਪਤਕਾਰ ਦੀ ਹਿਦਾਇਤ ਵਾਲਾ ਰੋਜ਼ਗਾਰਦਾਤਾ

ਬੁਢੇਪਾ ਅਤੇ ਲੰਮੀ-ਮਿਆਦ ਦੀ ਸਹਾਇਤਾ ਬਾਰੇ ਪ੍ਰਸ਼ਾਸਨ
ਵਿਕਾਸ ਸਬੰਧੀ ਅਪਾਹਜਪੁਣੇ (ਅਪੰਗਤਾ) ਬਾਰੇ ਪ੍ਰਸ਼ਾਸਨ

## ਕੀ ਹੋ ਰਿਹਾ ਹੈ?

2021 ਵਿੱਚ ਇੱਕ ਪ੍ਰਾਈਵੇਟ ਕੰਪਨੀ, ਕੰਜ਼ਿਊਮਰ ਡਾਇਰੈਕਟ ਵਾੱਸ਼ਿੰਗਟਨ (CDWA), ਵਾੱਸ਼ਿੰਗਟਨ ਸਟੇਟ ਵਿੱਚ ਖਪਤਕਾਰ ਦੀ ਹਿਦਾਇਤ ਵਾਲਾ ਰੋਜ਼ਗਾਰਦਾਤਾ (CDE) ਬਣ ਜਾਏਗੀ। CDWA ਸਾਰੇ ਵਿਅਕਤੀਗਤ ਪ੍ਰੋਵਾਈਡਰਾਂ (IPs) ਦਾ ਰੋਜ਼ਗਾਰਦਾਤਾ ਬਣੇਗੀ, ਜੋ ਸਮਾਜਕ ਅਤੇ ਸਿਹਤ-ਸੇਵਾਵਾਂ ਬਾਰੇ ਵਿਭਾਗ (DSHS) ਤੋਂ ਸੇਵਾਵਾਂ ਲੈ ਰਹੇ ਕਲਾਇੰਟਾਂ ਦੀ ਦੇਖਭਾਲ ਕਰਦੇ ਹਨ

## ਇਸਦਾ ਕਿਸ 'ਤੇ ਅਸਰ ਪਏਗਾ?

ਇਸ ਨਾਲ ਉਹਨਾਂ IPs, ਜਿਹਨਾਂ ਦਾ DSHS ਨਾਲ ਇਕਰਾਰਨਾਮਾ ਹੈ ਅਤੇ ਉਹ ਕਲਾਇੰਟ, ਜੋ IP ਤੋਂ ਸੇਵਾ ਲੈਂਦੇ ਹਨ, 'ਤੇ ਅਸਰ ਪਏਗਾ।



## ਕੀ ਤਬਦੀਲੀ ਹੋਏਗੀ?

- IPs, CDE ਦੇ ਮੁਲਾਜ਼ਮ ਹੋਣਗੇ ਅਤੇ ਅੱਗੇ ਤੋਂ DSHS ਨਾਲ ਇਕਰਾਰਨਾਮਾ ਨਹੀਂ ਹੋਏਗਾ।
- IPs ਦੀ ਥਾਂ CDE ਨੂੰ ਅਖ਼ਤਿਆਰ ਦਿੱਤੇ ਜਾਣਗੇ।
- CDE, IPs ਨੂੰ ਭੁਗਤਾਨ ਜਾਰੀ ਕਰੇਗੀ।
- ਕਲਾਇੰਟ ਅਤੇ IPs, IP-ਸਬੰਧੀ ਸੁਆਲਾਂ ਨਾਲ CDE ਨਾਲ ਸੰਪਰਕ ਕਰਨਗੇ।
- ਗਾਹਕ ਦੀ ਜ਼ਿੰਮੇਵਾਰੀ ਦਾ ਭੁਗਤਾਨ ਸਿੱਧਿਆਂ CDE ਨੂੰ ਕੀਤਾ ਜਾਏਗਾ।
- ਅਖ਼ਤਿਆਰਪ੍ਰਾਪਤ ਘੰਟਿਆਂ ਦੀ ਅਸਾਈਨਮੈਂਟ ਬਾਰੇ ਕਲਾਇੰਟ, CDE ਅਤੇ IP ਨਾਲ ਕੰਮ ਕਰਨਗੇ।
- CDE ਦਾ ਸਿਸਟਮ ਇਲੈਕਟ੍ਰੌਨਿਕ ਵਿਜ਼ਿਟ ਦੀ ਪੁਸ਼ਟੀ (EVV) ਦੀ ਹਿਮਾਇਤ ਕਰੇਗਾ।
- ਤਨਖ਼ਾਹ ਹਰ ਦੂਜੇ ਹਫ਼ਤੇ ਦਿੱਤੀ ਜਾਏਗੀ।
- CDE ਦਾ ਕਲਾਇੰਟਾਂ ਅਤੇ IPs ਲਈ ਮਸਲੇ ਦੇ ਨਿਪਟਾਰੇ ਸਬੰਧੀ ਅਮਲ ਹੋਏਗਾ।

## ਕਿਹੜੀਆਂ ਚੀਜ਼ਾਂ ਪਹਿਲਾਂ ਵਾਂਗ ਹੋਣਗੀਆਂ?

- ਕਲਾਇੰਟ ਪ੍ਰਬੰਧ ਕਰਨ ਵਾਲੇ ਰੋਜ਼ਗਾਰਦਾਤਾ ਹਨ ਅਤੇ ਉਹੀ ਫ਼ੈਸਲਾ ਕਰਦੇ ਹਨ ਕਿ ਕੌਣ ਦੇਖਭਾਲ ਕਰਦਾ ਹੈ ਅਤੇ ਸੇਵਾਵਾਂ ਕਦੋਂ ਲੈਣੀਆਂ ਹਨ।
- ਕੰਮ ਦਾ ਹਫ਼ਤਾ ਅਤੇ ਓਵਰਟਾਈਮ ਦੀ ਹੱਦ
- ਕੇਸ ਮੈਨੇਜਰ ਲਾਭ ਦੇ ਪੱਧਰ ਅਤੇ ਅਖ਼ਤਿਆਰਪ੍ਰਾਪਤ ਸੇਵਾਵਾਂ ਦਾ ਮੁਲਾਂਕਣ ਕਰਦਾ ਹੈ
- DOH ਸਬੰਧੀ ਪਰਿਚੈ-ਪੱਤਰ, ਸਿਖਲਾਈ ਅਤੇ ਪਿਛੋਕੜ ਦੀ ਜਾਂਚ ਦੀਆਂ ਜ਼ਰੂਰਤਾਂ
- ਤਨਖ਼ਾਹ ਅਤੇ ਲਾਭਾਂ ਦੀ ਦਰ

## ਅਗਲੀਆਂ ਕਾਰਵਾਈਆਂ ਕਿਹੜੀਆਂ ਹਨ?

1. IPOne ਵਿੱਚ ਆਪਣੀ ਮੌਜੂਦਾ ਨਿਜੀ ਜਾਣਕਾਰੀ ਅਪਡੇਟ ਰੱਖੋ, ਇਸ ਵਿੱਚ ਡਾਕ ਦਾ ਪਤਾ ਅਤੇ ਈਮੇਲ ਪਤਾ ਸ਼ਾਮਿਲ ਹੁੰਦਾ ਹੈ।
2. ਸਿਖਲਾਈ ਅਤੇ ਪਿਛੋਕੜ ਦੀਆਂ ਜਾਂਚਾਂ ਬਾਰੇ ਅਪਡੇਟ ਰਹੋ।
3. ਜੇ ਪਹਿਲਾਂ ਤੋਂ ਇਲੈਕਟ੍ਰੌਨਿਕ ਭੁਗਤਾਨ ਨਹੀਂ ਲੈ ਰਹੇ ਹੋ, ਤਾਂ ਆਪਣੇ ਬੈਂਕ ਖਾਤੇ ਵਿਚਲੇ ਇਲੈਕਟ੍ਰੌਨਿਕ ਫ਼ੰਡ ਟ੍ਰਾਂਸਫ਼ਰ (EFT) ਲਈ ਸਾਈਨ ਅਪ ਕਰੋ ਜਾਂ ALINE Pay (ਅਲਾਈਨ ਪੇ) ਡੈਬਿਟ ਕਾਰਡ ਲੈਣ ਦੀ ਚੋਣ ਕਰੋ।
4. ਅਪਡੇਟ ਰਹਿਣ ਲਈ CDE ਵੈਬੀਨਾਰ ਵਿੱਚ ਹਿੱਸਾ ਲਓ।
5. ਤਬਦੀਲੀਆਂ ਕਦੋਂ ਹੋਣਗੀਆਂ, ਬਾਰੇ ਜਾਣਨ ਲਈ ਜੁੜੇ ਰਹੋ।

